# ਬੇਗਮਪੁਰਾ ਮਿਸ਼ਨ ਡਾਇਰੀ
# 2024-25


ਬਿਕ੍ਰਮੀ ਸੰਮਤ - 2081
ਗੁਰੂ ਰਵਿਦਾਸ ਸੰਮਤ - 647
ਨਾਨਕਸ਼ਾਹੀ ਸੰਮਤ - 556

1 ਚੇਤ ਤੋਂ 30 ਫੱਗਣ
14 ਮਾਰਚ 2024 ਤੋਂ
13 ਮਾਰਚ 2025

## ਸ਼ਰਧਾਂਜ਼ਲੀ ਅਤੇ ਸਮਰਪਿਤ

ਸਤਿਕਾਰਯੋਗ
## ਮਾਤਾ ਬੀਬੀ ਨੰਤ ਕੌਰ ਜੀ

ਪ੍ਰਕਾਸ਼ਕ :
ਦੇਸ਼ ਦੁਆਬਾ www.deshdoaba.com
ਅੰਬੇਦਕਰ ਟਾਈਮਜ਼
California (USA), Phone : +1 916 947 8920, Email: deshdoaba@yahoo.com
Ambedkar Times TV - Desh Doaba TV - Desh Doaba Channel - International Bahujan Bulletin




# ਸਤਿਕਾਰਯੋਗ ਮਾਤਾ ਬੀਬੀ ਨੰਤ ਕੌਰ ਜੀ ਦਾ ਅਸ਼ੀਰਵਾਦ

ਨਿਮਰਤਾ ਅਤੇ ਤਿਆਗ ਦੀ ਮੂਰਤ, ਅੱਤ ਦੀ ਗਰੀਬੀ ਵਿੱਚ ਹੱਡ ਭੰਨਵੀਂ, ਸਖ਼ਤ ਮਿਹਨਤ ਕਰਨ ਵਾਲੇ ਸਤਿਕਾਰਯੋਗ ਮਾਤਾ ਬੀਬੀ ਨੰਤ ਕੌਰ 13 ਮਾਰਚ 2024 ਦਿਨ ਬੁੱਧਵਾਰ ਨੂੰ ਸਵੇਰੇ ਅੰਮ੍ਰਿਤ ਵੇਲੇ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਕੇ ਇਸ ਸੰਸਾਰ ਤੋਂ ਰੁਖਸਤ ਹੋ ਗਏ। ਉਨ੍ਹਾਂ ਦਾ ਜਨਮ ਸਤਿਕਾਰਯੋਗ ਪਿਤਾ ਸ੍ਰੀ ਉਜਾਗਰ ਅਤੇ ਮਾਤਾ ਸ੍ਰੀਮਤੀ ਜੈ ਕੌਰ ਦੇ ਗ੍ਰਹਿ ਪਿੰਡ ਜੌੜਾ ਬਲਾਕ ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 1940 ਈ. (ਲਗਭਗ) ਨੂੰ ਹੋਇਆ। ਉਨ੍ਹਾਂ ਦੇ ਪੰਜ ਭਰਾ ਅਤੇ ਦੋ ਭੈਣਾਂ ਸਨ। ਮਾਤਾ ਜੀ ਦੇ ਪਿਤਾ ਸ੍ਰੀ ਉਜਾਗਰ ਰਾਮ ਖੱਡੀ ਬੁਣਨ (ਕੱਪੜਾ ਬੁਣਨ) ਦਾ ਕਿੱਤਾ ਕਰਦੇ ਸਨ। ਮਾਤਾ ਨੰਤ ਕੌਰ ਜੀ ਦੀ ਸ਼ਾਦੀ ਸਤਿਕਾਰਯੋਗ ਸ੍ਰੀ ਅਰਜਨ ਰਾਮ ਜੀ ਨਾਲ 1960 ਈ. (ਲਗਭਗ) ਵਿਚ ਹੋਈ।

ਸ੍ਰੀ ਅਰਜਨ ਰਾਮ ਕੱਪੜਾ ਬੁਣਨ ਅਤੇ ਤੂਤ ਦੇ ਦਰੱਖਤ ਦੀਆਂ ਟਾਹਣੀਆਂ ਤੋਂ ਟੋਕਰੇ ਬਣਾਉਣ ਦਾ ਕਿੱਤਾ ਕਰਦੇ ਸਨ। ਅੱਜ ਤੋਂ ਤਕਰੀਬਨ 34 ਵਰੇ ਪਹਿਲਾਂ 30 ਅਪ੍ਰੈਲ 1990 ਦਿਨ ਸੋਮਵਾਰ ਨੂੰ ਸ੍ਰੀ ਅਰਜਨ ਰਾਮ ਲੰਬੀ ਬਿਮਾਰੀ ਉਪਰੰਤ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਸਨ। ਮਾਤਾ ਨੰਤ ਕੌਰ ਨੇ ਬੜੀ ਸੂਝ-ਬੂਝ ਨਾਲ ਆਪਣੇ ਬੱਚਿਆਂ ਦਾ ਪਾਲਣ ਪੋਸਣ ਕੀਤਾ ਉਨ੍ਹਾਂ ਨੂੰ ਪੜਾਇਆ, ਲਿਖਾਇਆ ਅਤੇ ਕੰਮਾਂ ਕਾਰਾਂ ਤੇ ਲਗਾਇਆ ਇਨ੍ਹਾਂ ਦੇ ਵਿਆਹ ਕੀਤੇ। ਬੱਚਿਆਂ ਨੂੰ ਆਪਣੇ ਪਿਤਾ ਦੀ ਘਾਟ ਦਾ ਅਹਿਸਾਸ ਨਹੀਂ ਹੋਣ ਦਿੱਤਾ। ਬੱਚਿਆਂ ਨੇ ਵੀ ਆਪਣੀ ਮਾਤਾ ਵਿੱਚ ਹੀ ਆਪਣੇ ਪਿਤਾ ਨੂੰ ਜਿਉਂਦੇ ਜਾਗਦੇ ਦੇਖਿਆ ਅਤੇ ਕਦੇ ਵੀ ਆਪਣੇ ਪਿਤਾ ਦੀ ਬਰਸੀ ਨਹੀਂ ਮਨਾਈ। ਮਾਂ ਦੇ ਚਲਾਣੇ ਤੇ ਪੁੱਤਰੀ ਜਸਵਿੰਦਰ ਕੌਰ ਕਿਹਾ ਕਿ ਅਸਲ ਵਿਚ ਅੱਜ ਸਾਡਾ ਪਿਓ ਇਸ ਦੁਨੀਆ ਤੋਂ ਰੁਖਸਤ ਹੋਇਆ ਹੈ।

ਪਿਤਾ ਸ੍ਰੀ ਅਰਜਨ ਰਾਮ ਅਤੇ ਮਾਤਾ ਸ੍ਰੀਮਤੀ ਨੰਤ ਕੌਰ ਨੇ ਅੱਤ ਦੀ ਗਰੀਬੀ ਨਾਲ ਜੂਝਦਿਆਂ, ਸਖਤ ਮਿਹਨਤ ਕਰਕੇ ਆਪਣੇ ਪਰਿਵਾਰ ਨੂੰ ਪਾਲਿਆ ਅਤੇ ਬੁਲੰਦੀਆਂ ਤੇ ਪਹੁੰਚਾਇਆ। ਇਨ੍ਹਾਂ ਦੀ ਫੁਲਵਾੜੀ ਵਿੱਚ ਵੱਡੇ ਸਪੁੱਤਰ ਨਰੰਜਨ ਲਾਲ, ਨੂੰਹ ਸੁਰਜੀਤ ਕੌਰ, ਪੋਤਰੀ ਤਰਸੇਮ ਕੌਰ, ਪੋਤਰੀ ਰੀਨਾ ਕੁਮਾਰੀ/ਗੁਲਾਬ ਸਿੰਘ (ਪੋਤ ਜਵਾਈ),




ਪੜਦੋਹਤੀ ਸਹਿਜਦੀਪ ਕੌਰ, ਪੜਦੋਹਤਾ ਸਾਹਿਬਜੋਤ ਸਿੰਘ, ਪੋਤਰੀ ਡਾਕਟਰ ਸ਼ਮਾ ਰਾਣੀ/ਡਾਕਟਰ ਮਨਿੰਦਰ ਸਿੰਘ (ਪੋਤ ਜਵਾਈ) ਪੋਤਰਾ ਬਲਜਿੰਦਰ ਸਿੰਘ, ਪੋਤਰੀ ਰਾਜਵਿੰਦਰ ਕੌਰ। ਸਪੁੱਤਰੀ ਜਸਵਿੰਦਰ ਕੌਰ/ਪ੍ਰੇਮ ਪਾਲ (ਜਵਾਈ) ਵਾਸੀ ਸਿਕੰਦਰਪੁਰ ਜ਼ਿਲ੍ਹਾ ਜਲੰਧਰ, ਦੋਹਤੀ ਹਰਪ੍ਰੀਤ, ਦੋਹਤਾ ਰਾਜਿੰਦਰ ਕੁਮਾਰ, ਦੋਹਤੀ ਮਨਪ੍ਰੀਤ ਕੌਰ, ਦੋਹਤਾ ਪ੍ਰਦੀਪ ਕੁਮਾਰ। ਸਪੁੱਤਰ ਇੰਦਰਜੀਤ ਸਿੰਘ ਨੂੰਹ ਦਰਸ਼ਨ ਕੌਰ, ਪੋਤਰੀ ਮਨਦੀਪ ਕੌਰ/ਸਨੀ ਡਿਗਰਾ (ਪੋਤ ਜਵਾਈ), ਪੜਦੋਹਤੀ ਜਪਨੂਰ ਕੌਰ, ਜਗਦੀਪ ਸਿੰਘ ਪੋਤਰਾ, ਹਰਦੀਪ ਸਿੰਘ ਪੋਤਰਾ/ਪੋਤ ਨੂੰਹ ਸ਼ੈਲੀ ਰਾਣੀ। ਸਪੁੱਤਰ ਚਰਨਜੀਤ ਸਿੰਘ ਨੂੰਹ ਸ਼ਾਂਤੀ ਰਾਣੀ, ਪੋਤਰੀ ਪ੍ਰਿਆਂਸ਼ੂ, ਪੋਤਰੀ ਰਵਿਨੂਰ ਕੌਰ। ਸਪੁੱਤਰ ਦਿਲਬਾਗ ਸਿੰਘ ਨੂੰਹ ਕਾਂਤਾ ਕੁਮਾਰੀ ਅਤੇ ਪੋਤਰੀ ਏਂਜਲ ਕੌਰ ਸਾਰੇ ਜੀਅ ਚਹਿਕਦੀ, ਮਹਿਕਦੀ, ਖੁਸ਼ੀਆਂ ਬਿਖੇਰਦੀ ਫੁਲਵਾੜੀ ਹੈ। ਹੁਣ ਤੱਕ ਦੀ ਇਸ ਫੁਲਵਾੜੀ ਵਿੱਚ ਸਭ ਤੋਂ ਛੋਟਾ ਤੇ ਸਭ ਤੋਂ ਤੇਜ, ਚਲਾਕ, ਚੁਸਤ, ਅੜੀਅਲ ਅਤੇ ਸਾਰਿਆਂ ਦਾ ਪਿਆਰਾ ਫੁੱਲ ਪੋਤਰੀ ਰਵਿਨੂਰ ਕੌਰ ਹੈ। ਜੋ ਅਜੇ ਢਾਈ ਸਾਲ ਦੀ ਹੈ ਪਰ ਫਿਰ ਵੀ ਉਹ ਕਦੇ ਕਦਾਈਂ ਆਪਣੀ ਦਾਦੀ ਨੂੰ ਬਾਥਰੂਮ ਵਿੱਚੋਂ ਫੜ ਕੇ ਬਾਹਰ ਲਿਆਉਂਦੀ ਸੀ ਕਦੇ-ਕਦਾਈਂ ਆਪਣੀ ਦਾਦੀ ਮਾਂ ਦੇ ਦਵਾਈ ਦੇ ਟਾਈਮ ਤੇ ਪੱਤੇ ਵਿੱਚੋਂ ਗੋਲੀ ਕੱਢ ਕੇ ਉਸ ਦੇ ਮੂੰਹ ਵਿੱਚ ਪਾਉਂਦੀ ਸੀ ਅਤੇ ਕਦੀ ਉਸ ਦੇ ਜੂਠੇ ਬਰਤਨ ਚੁੱਕ ਕੇ ਰਸੋਈ ਵਿੱਚ ਜਾ ਕੇ ਰੱਖਦੀ ਸੀ। ਮਾਤਾ ਜੀ ਦਾ ਸਪੁੱਤਰ ਚਰਨਜੀਤ ਸਿੰਘ ਬਿਨਪਾਲਕੇ ਜਨਰਲ ਸਕੱਤਰ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਦੇ ਮਾਧਿਅਮ ਦੁਆਰਾ ਪਿਛਲੇ 30 ਸਾਲਾਂ ਤੋਂ ਬੇਗਮਪੁਰਾ ਮਿਸ਼ਨ ਦੇ ਰਹਿਬਰਾਂ ਦੀ ਵਿਚਾਰਧਾਰਾ ਪ੍ਰਚਾਰ ਲਈ ਸੰਸਥਾ ਵਿੱਚ ਅਹਿਮ ਭੂਮਿਕਾ ਨਿਭਾ ਰਿਹਾ ਹੈ। ਮਾਤਾ ਪਿਤਾ ਦੀ ਘਾਟ ਤਾਂ ਕਦੇ ਪੂਰੀ ਨਹੀਂ ਹੋ ਸਕਦੀ ਪਰ ਇਹ ਵੀ ਸੱਚਾਈ ਹੈ ਕਿ ਮਾਤਾ ਪਿਤਾ ਨੇ ਕਦੇ ਵੀ ਆਪਣੇ ਬੱਚਿਆਂ ਦੇ ਕੋਲ ਬੈਠੇ ਨਹੀਂ ਰਹਿਣਾ। ਸਤਿਗੁਰੂ ਰਵਿਦਾਸ ਜੀ ਕਿਰਪਾ ਕਰਨ ਕਿ ਇਹ ਫੁਲਵਾੜੀ ਇਸੇ ਤਰ੍ਹਾਂ ਮਹਿਕਦੀ ਅਤੇ ਖੁਸ਼ੀਆਂ ਬਖੇਰਦੀ ਰਹੇ ਅਤੇ ਆਪਣੇ ਰਹਿਬਰਾਂ ਦੇ ਮਿਸ਼ਨ ਪ੍ਰਚਾਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਉਂਦੀ ਰਹੇ।

**ਮਿਤੀ** 17-03-2024

**ਪ੍ਰੇਮ ਕੁਮਾਰ ਚੁੰਬਰ**

**ਮੁੱਖ ਸੰਪਾਦਕ - ਦੇਸ਼ ਦੁਆਬਾ, ਅੰਬੇਦਕਰ ਟਾਈਮਜ਼, ਕੈਲੇਫੋਰਨੀਆ (ਅਮਰੀਕਾ)**

**Phone : +1 916 947 8920, Email: deshdoaba@yahoo.com**



# ਮਾਤਾ ਰਮਾਬਾਈ ਅੰਬੇਡਕਰ

**07/02/1898-27/05/1935**

ਮਾਤਾ ਰਮਾਬਾਈ ਦਾ ਡਾ. ਅੰਬੇਡਕਰ ਨਾਲ ਵਿਆਹ 1906 ਈ. ਵਿਚ ਹੋਇਆ। ਗਰੀਬੀ ਨਾਲ ਜੂਝਦਿਆਂ ਡਾ. ਅੰਬੇਡਕਰ ਦਾ ਹੱਥ ਵਟਾਉਂਦਿਆਂ ਛੇ ਮਹੀਨੇ ਬੀਮਾਰ ਰਹਿਣ ਪਿਛੋਂ 37 ਸਾਲ ਦੀ ਉਮਰ ਵਿਚ ਉਹ ਚਲ ਵਸੇ। ਸਦਮੇ ਨਾਲ ਡਾ. ਅੰਬੇਡਕਰ ਇੱਕ ਹਫ਼ਤਾ ਕਮਰੇ ਵਿਚ ਬੰਦ ਰਹੇ। ਡਾ. ਅੰਬੇਡਕਰ ਨੇ ਆਪਣੀ ਜਗਤ ਪ੍ਰਸਿੱਧ ਕਿਤਾਬ ਥੌਟਸ ਆਨ ਪਾਕਿਸਤਾਨ ਇਨ੍ਹਾਂ ਸ਼ਬਦਾਂ ਨਾਲ ਆਪਣੀ ਪਤਨੀ ਰਾਮੋ ਨੂੰ ਭੇਂਟ ਕੀਤੀ। ਇਹ ਪੁਸਤਕ ਮੈਂ ਰਾਮੋ ਨੂੰ ਉਸ ਦੀਆਂ ਨੇਕੀਆਂ, ਜੀਵਨ ਖੁਸ਼ੀਆਂ ਅਤੇ ਚੰਗੇ-ਮਾੜੇ ਦਿਨਾਂ ਵਿਚ ਮੇਰਾ ਸਾਥ ਨਿਭਾਉਣ ਦੇ ਗੁਣਾਂ ਕਰਕੇ ਪ੍ਰਸ਼ੰਸ਼ਾ ਵਜੋਂ ਭੇਟ ਕਰਦਾ ਹਾਂ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਔਰਤ ਵਰਗ ਦੇ ਬਹੁਤ ਵੱਡੇ ਮਸੀਹਾ ਹਨ। ਉਨ੍ਹਾਂ ਨੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰਾਂ ਲਈ 1951 ਈ. ਵਿਚ ਕਾਨੂੰਨ ਮੰਤਰੀ ਹੁੰਦਿਆਂ ਹਿੰਦੂ ਕੋਡ ਬਿੱਲ ਲੈ ਕੇ ਆਏ ਜਿਸ ਤਹਿਤ ਔਰਤਾਂ ਨੂੰ ਵਿਆਹ ਸ਼ਾਦੀ, ਤਲਾਕ ਲੈਣ, ਗੁਜ਼ਾਰਾ ਭੱਤਾ, ਬੱਚਾ ਗੋਦ ਲੈਣ ਅਤੇ ਜਾਇਦਾਦ ਆਦਿ ਦਾ ਅਧਿਕਾਰ ਸੀ। ਇਸ ਤੇ ਰੂੜੀਵਾਦੀਆਂ ਨੇ ਸਖ਼ਤ ਇਤਰਾਜ਼ ਕੀਤਾ ਕਿ ਇਸ ਨਾਲ ਹਿੰਦੂ ਸਮਾਜ ਦਾ ਪਰੰਪਰਾਵਾਦੀ ਢਾਂਚਾ ਢਹਿ ਢੇਰੀ ਹੋ ਜਾਵੇਗਾ। ਉਨ੍ਹਾਂ ਨੇ ਇਹ ਬਿੱਲ ਪਾਸ ਨਾਂ ਹੋਣ ਦਿੱਤਾ ਇਸ ਤੇ ਡਾ. ਅੰਬੇਡਕਰ ਨੇ ਆਪਣੇ ਕਾਨੂੰਨ ਮੰਤਰੀ ਪਦ ਤੋਂ ਅਸਤੀਫਾ ਦੇ ਦਿੱਤਾ। ਬਾਅਦ ਵਿਚ ਇਹ ਥੋੜ੍ਹਾ ਥੋੜ੍ਹਾ ਕਰਕੇ ਪਾਸ ਕਰ ਦਿੱਤਾ ਗਿਆ।

ਬਾਬਾ ਸਾਹਿਬ ਨੇ ਕਿਹਾ ਕਿ "ਜਦ ਤੱਕ ਔਰਤ ਨੂੰ ਨੰਬਰ ਦੋ ਦਾ ਨਾਗਰਿਕ ਸਮਝਿਆ ਜਾਂਦਾ ਰਹੇਗਾ ਅਤੇ ਉਸ ਨੂੰ ਮਰਦਾਂ ਦੇ ਬਰਾਬਰ ਆਉਣ ਨਹੀਂ ਦਿੱਤਾ ਜਾਵੇਗਾ ਤਦ ਤੱਕ ਦੇਸ਼ ਦਾ ਅੱਧਾ ਭਾਗ ਗੁਲਾਮ ਹੀ ਬਣਿਆ ਰਹੇਗਾ।"

# ਇਨਕਲਾਬੀ ਰਹਿਨੁਮਾ ਡਾ. ਬੀ.ਆਰ. ਅੰਬੇਡਕਰ



ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ 14 ਅਪ੍ਰੈਲ 1891 ਈ. ਨੂੰ ਬੜੌਦਾ ਰਿਆਸਤ ਦੀ ਮਹੂਛਾਉਣੀ ਜ਼ਿਲ੍ਹਾ ਰਤਨਾਗਿਰੀ ਮਹਾਂਰਾਸ਼ਟਰ ਵਿਖੇ ਮਹਾਰ ਜਾਤੀ ਵਿਚ ਪਿਤਾ ਸੂਬੇਦਾਰ ਰਾਮ ਜੀ ਸਕਪਾਲ ਮਾਤਾ ਭੀਮਾ ਬਾਈ ਜੀ ਦੀ ਕੁੱਖੋਂ ਹੋਇਆ। ਇਸ ਸਮੇਂ ਮਹੂ ਮੱਧ ਪ੍ਰਦੇਸ਼ ਦੇ ਜ਼ਿਲ੍ਹਾ ਇੰਦੌਰ ਦਾ ਹਿੱਸਾ ਹੈ। ਬਾਬਾ ਸਾਹਿਬ ਨੂੰ ਗਿਆਨ ਪ੍ਰਾਪਤ ਕਰਨ ਦੀ ਬੜੀ ਤੀਬਰ ਇੱਛਾ ਸੀ। ਕਿਤਾਬਾਂ ਦੇ ਨਾਲ ਉਨ੍ਹਾਂ ਦਾ ਅਥਾਹ ਪਿਆਰ ਸੀ। ਉਨ੍ਹਾਂ ਕੋਲ ਐਮ.ਏ., ਐਮ.ਐਸ.ਸੀ., ਪੀ.ਐਚ.ਡੀ., ਡੀ.ਐਸ.ਸੀ., ਐਲ.ਐਲ.ਡੀ., ਡੀ. ਲਿਟ., ਬਾਰ ਐਟ ਲਾਅ ਅਤੇ ਹੋਰ ਬਹੁਤ ਸਾਰੀਆਂ ਡਿਗਰੀਆਂ ਸਨ। ਬਾਬਾ ਸਾਹਿਬ ਨੇ ਨਿਊਯਾਰਕ (ਅਮਰੀਕਾ) ਦੀ ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਦੇ ਸਮੇਂ 1916 ਈ. ਨੂੰ ਇਕ ਥੀਸਿਸ 'ਨੈਸ਼ਨਲ ਆਫ਼ ਫਿਲਾਸਫ਼ੀ' ਲਿਖਿਆ ਜਿਸ 'ਤੇ ਯੂਨੀਵਰਸਿਟੀ ਨੇ ਉਨ੍ਹਾਂ ਨੂੰ 'ਡਾਕਟਰ ਆਫ ਫਿਲਾਸਫ਼ੀ' ਦੀ ਡਿਗਰੀ ਦਿੱਤੀ। ਇਸ ਤਰ੍ਹਾਂ ਉਹ 'ਡਾਕਟਰ' ਭੀਮ ਰਾਓ ਅੰਬੇਡਕਰ ਬਣ ਗਏ। ਉਹ ਦੁਨੀਆਂ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਇਨਸਾਨਾਂ ਵਿਚੋਂ ਇਕ ਸਨ। ਉਨ੍ਹਾਂ ਨੇ ਅਨੇਕਾਂ ਵਿਸ਼ਿਆਂ ਤੇ ਬਹੁਤ ਸਾਰੇ ਖੋਜ ਭਰਪੂਰ ਗ੍ਰੰਥਾਂ ਦੀ ਰਚਨਾ ਕੀਤੀ। ਬਾਬਾ ਸਾਹਿਬ ਭਾਰਤੀ ਸੰਵਿਧਾਨ ਦੇ ਰਚੇਤਾ ਸਨ। ਭਾਰਤ ਦੀ ਧਰਤੀ ਨੂੰ ਇਸ ਗੱਲ ਦਾ ਮਾਣ ਹੈ ਕਿ ਉਸ ਨੇ ਦੁਨੀਆਂ ਦੇ ਬਹੁਤ ਵੱਡੇ ਅਤੇ ਪ੍ਰਸਿੱਧ ਵਿਦਵਾਨ ਨੂੰ ਜਨਮ ਦਿੱਤਾ ਹੈ। ਸੰਸਾਰ ਨੇ ਬਾਬਾ ਸਾਹਿਬ ਨੂੰ 'ਸਿੰਬਲ ਆਫ਼ ਨਾਲਜ' ਦੀ ਉਪਾਧੀ ਦਿੱਤੀ ਹੈ।

ਬਾਬਾ ਸਾਹਿਬ ਨੇ ਕਿਹਾ ਮੈਂ ਤੁਹਾਡੇ ਲਈ ਜੋ ਕੁਝ ਵੀ ਕੀਤਾ ਹੈ ਉਹ ਬੇਹੱਦ ਮੁਸੀਬਤਾਂ, ਅਤਿਅੰਤ ਦੁੱਖਾਂ ਅਤੇ ਬੇਸ਼ੁਮਾਰ ਵਿਰੋਧੀਆਂ ਦਾ ਮੁਕਾਬਲਾ ਕਰਕੇ ਕੀਤਾ ਹੈ। ਇਹ ਕਾਰਵਾਂ ਅੱਜ ਜਿਸ ਜਗ੍ਹਾ 'ਤੇ ਹੈ ਮੈਂ ਇਥੇ ਬੜੀਆਂ ਮੁਸੀਬਤਾਂ ਨਾਲ ਲੈ ਕੇ ਆਇਆ ਹਾਂ, ਬੇਸ਼ੱਕ ਰਸਤੇ ਵਿਚ ਕਿੰਨੀਆਂ ਹੀ ਰੁਕਾਵਟਾਂ ਕਿਉਂ ਨਾ ਹੋਣ, ਇਹ ਕਾਰਵਾਂ ਅੱਗੇ ਹੀ ਅੱਗੇ ਵਧਦਾ ਜਾਣਾ ਚਾਹੀਦਾ ਹੈ। ਇਹ ਤੁਹਾਡਾ ਪਰਮ ਕਰਤੱਵ ਹੈ। ਜੇਕਰ ਤੁਸੀਂ ਇਸ ਨੂੰ ਅੱਗੇ ਨਾ ਵਧਾ ਸਕੇ ਤਾਂ ਇਸ ਨੂੰ ਇਥੇ ਹੀ ਛੱਡ ਦੇਣਾ ਪਰ ਕਿਸੇ ਵੀ ਹਾਲਤ ਵਿਚ ਪਿੱਛੇ ਨਾ ਜਾਣ ਦੇਣਾ। ਮੇਰਾ ਇਹੀ ਅੰਤਿਮ ਸੰਦੇਸ਼ ਹੈ।

# ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ



ਗਦਰੀ ਬਾਬੇ ਮੰਗੂ ਰਾਮ ਮੁਗੋਵਾਲੀਆ ਜੀ ਦਾ ਜਨਮ ਪਿੰਡ ਮੁਗੋਵਾਲ ਹੁਸ਼ਿਆਰਪੁਰ ਵਿਖੇ ਪਿਤਾ ਸ੍ਰੀ ਹਰਨਾਮ ਦਾਸ ਜੀ ਅਤੇ ਮਾਤਾ ਸ੍ਰੀਮਤੀ ਅਤਰੀ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਅੰਗਰੇਜ਼ਾਂ ਤੋਂ ਭਾਰਤ ਦੀ ਅਜ਼ਾਦੀ ਲਈ ਸੰਘਰਸ਼ ਕਰਨ ਲਈ ਗਦਰੀ ਬਾਬੇ ਸੋਹਣ ਸਿੰਘ ਭਕਨਾ ਨਾਲ ਸੰਪਰਕ ਕਰ ਕੇ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਇਸ ਮੰਤਵ ਲਈ ਉਨ੍ਹਾਂ ਨੇ ਅਮਰੀਕਾ, ਸਿੰਗਾਪੁਰ, ਕੈਲੇਫੋਰਨੀਆ, ਸਿਡਨੀ, ਜਾਪਾਨ, ਫਿਲਪੀਨਜ਼ ਅਤੇ ਅਨੇਕਾਂ ਦੇਸ਼ਾਂ ਵਿਚ ਲੁਕ-ਛਿਪ ਕੇ ਕੰਮ ਕਰਦੇ ਰਹੇ। ਜੰਗਲਾਂ ਵਿਚ ਸਾਲਾਂ ਬੱਧੀ ਭੁੱਖੇ ਪਿਆਸੇ ਰਹਿ ਕੇ ਦਿਨ ਗੁਜਾਰੇ, ਜੇਲ੍ਹਾਂ ਕੱਟੀਆਂ। ਜਾਪਾਨ ਦੀ ਸਰਕਾਰ ਨੇ ਬਾਬੂ ਮੰਗੂ ਰਾਮ ਜੀ ਨੂੰ ਇਕ ਸਾਲ ਜੇਲ੍ਹ ਵਿਚ ਬੰਦੀ ਬਣਾ ਕੇ ਰੱਖਿਆ। ਬਰਤਾਨਵੀ ਸਰਕਾਰ ਨੇ ਉਨ੍ਹਾਂ ਨੂੰ ਫਾਂਸ਼ੀ ਦਾ ਹੁਕਮ ਹੋਇਆ ਪਰ ਆਪ ਲੁਕ-ਛਿਪ ਕੇ ਬਚ ਨਿਕਲੇ ਅਤੇ ਮਨੀਲਾ ਵੱਲ ਨੂੰ ਚਲੇ ਗਏ। ਬਰਤਾਨਵੀ ਪੰਜਾਬੀ ਜਾਸੂਸਾਂ ਨੇ ਮੰਗੂ ਰਾਮ ਜੀ ਨੂੰ ਫੜ ਲਿਆ। ਹਕੂਮਤ ਨੇ ਬਾਬੂ ਮੰਗੂ ਰਾਮ ਨੂੰ ਤੋਪ ਮੂਹਰੇ ਉਡਾਉਣ ਦਾ ਹੁਕਮ ਜਾਰੀ ਕੀਤਾ ਪ੍ਰੰਤੂ ਉਹ ਬਚ ਕੇ ਫਿਲਪੀਨਜ਼ ਪਹੁੰਚਣ ਵਿਚ ਕਾਮਯਾਬ ਹੋ ਗਏ। ਵਿਦੇਸ਼ਾਂ ਵਿਚ ਘੁੰਮਦਿਆਂ ਉਥੋਂ ਦੀ ਆਬੋ ਹਵਾ ਨੂੰ ਦੇਖ ਕੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਭਾਰਤ ਦੇ ਅਖੌਤੀ ਉੱਚ ਜਾਤੀਆਂ ਵੱਲੋਂ ਅਛੂਤ ਕਹੇ ਜਾਣ ਵਾਲੇ ਲੋਕਾਂ ਨਾਲ ਗ਼ੈਰ ਮਨੁੱਖੀ, ਗ਼ੈਰ ਸੱਭਿਅਕ ਅਤੇ ਅਤਿਅੰਤ ਭੈੜਾ ਵਰਤਾਓ ਕੀਤਾ ਜਾ ਰਿਹਾ ਹੈ। ਅਛੂਤਾਂ ਨੂੰ ਦੋਹਰੀ ਗੁਲਾਮੀ ਝੱਲਣੀ ਪੈ ਰਹੀ ਹੈ। ਭਾਰਤ ਆ ਕੇ 1925 ਈ. ਦੇ ਆਰੰਭ ਵਿਚ ਆਪ ਨੇ 11-12 ਜੂਨ 1926 ਈ: ਨੂੰ ਜਲੰਧਰ ਵਿਖੇ ਆਦਿ ਧਰਮ ਮੰਡਲ ਦੀ ਸਥਾਪਨਾ ਕੀਤੀ ਜਿਸ ਵਿਚ 5000 ਅਛੂਤਾਂ ਨੇ ਹਿੱਸਾ ਲਿਆ। 1937 ਈ. ਵਿਚ ਹੋਈਆਂ ਵਿਧਾਨ ਸਭਾ ਦੀਆਂ ਚੋਣਾਂ ਵਿਚ ਆਪ ਜੀ ਦੀ ਅਗਵਾਈ ਵਿਚ ਆਦਿ ਧਰਮ ਮੰਡਲ ਨੇ ਪੰਜਾਬ ਵਿਧਾਨ ਸਭਾ ਵਿਚ 8 ਰਿਜ਼ਰਵ ਸੀਟਾਂ ਵਿਚੋਂ 7 ਸੀਟਾਂ ਜਿੱਤੀਆਂ। ਗਦਰੀ ਬਾਬੇ ਮੰਗੂ ਰਾਮ ਮੁਗੋਵਾਲੀਆ ਜੀ ਨੇ ਆਦਿ ਧਰਮ ਮੰਡਲ ਦੀ ਸਥਾਪਨਾ ਤੋਂ ਬਾਅਦ ਭਾਰਤ ਦੇ ਦੱਬੇ ਕੁਚਲੇ ਲੋਕਾਂ ਲਈ ਬਹੁਤ ਸਾਰੇ ਵਡਮੁੱਲੇ ਕਾਰਜ ਕੀਤੇ।

# ਦਲਿਤ ਮੁਕਤੀ ਦੇ ਰਾਹ ਦਸੇਰਾ

# ਬਾਬੂ ਕਾਂਸ਼ੀ ਰਾਮ



ਬਹੁਜਨ ਨਾਇਕ ਬਾਬੂ ਕਾਂਸ਼ੀ ਰਾਮ ਜੀ ਦਾ ਜਨਮ ਆਪਣੇ ਨਾਨਕੇ ਪਿੰਡ ਬੁੰਗਾ ਸਾਹਿਬ ਜ਼ਿਲ੍ਹਾ ਰੂਪਨਗਰ ਵਿਖੇ 15 ਮਾਰਚ 1934 ਈ. ਨੂੰ ਗੁਰੂ ਰਵਿਦਾਸ ਨਾਮਲੇਵਾ ਸਮਾਜ ਵਿਚ ਹੋਇਆ। ਆਪ ਜੀ ਦੇ ਪਿਤਾ ਸ੍ਰੀ ਹਰੀ ਸਿੰਘ ਅਤੇ ਮਾਤਾ ਸ੍ਰੀਮਤੀ ਬਿਸ਼ਨ ਕੌਰ ਪਿੰਡ ਖੁਵਾਸਪੁਰਾ ਦੇ ਵਸਨੀਕ ਸਨ। ਆਪ ਨੇ ਪ੍ਰਾਇਮਰੀ ਤੱਕ ਸਿਖਿਆ ਪਿੰਡ ਮਾਨਿਕਪੁਰ, ਦਸਵੀਂ ਕਲਾਸ ਡੀ.ਏ.ਵੀ. ਪਬਲਿਕ ਸਕੂਲ ਰੋਪੜ ਅਤੇ ਬੀ.ਐਸ.ਸੀ. ਦੀ ਡਿਗਰੀ ਸਰਕਾਰੀ ਕਾਲਜ ਰੋਪੜ ਤੋਂ ਪ੍ਰਾਪਤ ਕੀਤੀ। 1958 ਈ: ਵਿਚ ਬਾਬੂ ਜੀ ਨੇ ਪੂਨਾ ਵਿਖੇ ਸਹਾਇਕ ਵਿਗਿਆਨੀ ਦੀ ਨੌਕਰੀ ਪ੍ਰਾਪਤ ਕੀਤੀ। 1965 ਈ. ਵਿੱਚ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀ ਛੁੱਟੀ ਰੱਦ ਕਰਨ ਦੇ ਵਿਰੋਧ ਵਿੱਚ ਉਨ੍ਹਾਂ ਨੇ ਵੱਡਾ ਸੰਘਰਸ਼ ਲੜਿਆ। ਕਾਫੀ ਸਮਾਂ ਬਾਬਾ ਸਾਹਿਬ ਅੰਬੇਡਕਰ ਜੀ ਦੀ ਵਿਚਾਰਧਾਰਾ ਦਾ ਅਧਿਐਨ ਕਰਨ ਤੋ ਬਾਅਦ 1971 ਈ: ਵਿਚ ਨੌਕਰੀ ਤੋਂ ਤਿਆਗ ਪੱਤਰ ਦੇ ਕੇ ਦਲਿਤ ਸਮਾਜ ਦੀ ਨੁਹਾਰ ਬਦਲਣ ਲਈ ਕਮਰਕੱਸਾ ਕਰ ਲਿਆ। 06 ਦਸੰਬਰ 1978 ਈ: ਨੂੰ ਬਾਬੂ ਕਾਂਸ਼ੀ ਰਾਮ ਜੀ ਨੇ ਬਾਮਸੇਫ ਦੇ ਮਾਧਿਅਮ ਤੋਂ ਓ.ਬੀ.ਸੀ. ਸਮਾਜ ਲਈ ਉਹਨਾਂ ਦੀ ਜਨਸੰਖਿਆ ਦੇ ਆਧਾਰ ਤੇ 52% ਰਿਜ਼ਰਵਰੇਸ਼ਨ ਲਈ ਪੂਰੇ ਦੇਸ਼ ਵਿਚ ਅੰਦੋਲਨ ਚਲਾਇਆ। ਜ਼ੁਲਮ ਸਹਿੰਦੇ, ਦੱਬੇ-ਕੁਚਲੇ ਗਰੀਬ ਤੇ ਪੱਛੜੇ ਵਰਗ ਦੇ ਲੋਕਾਂ ਲਈ ਆਪ ਜੀ ਨੇ ਕੁਝ ਪ੍ਰਣ ਕੀਤੇ ਕਿ ਉਹ ਆਪਣਾ ਸਾਰਾ ਜੀਵਨ ਸਾਦਗੀ ਵਿਚ ਬਤੀਤ ਕਰਨਗੇ, ਆਪਣੀ ਸ਼ਾਦੀ ਨਹੀਂ ਕਰਾਉਣਗੇ, ਆਪਣੀ ਕੋਈ ਨਿੱਜੀ ਸੰਪਤੀ-ਜਾਇਦਾਦ ਨਹੀਂ ਬਨਾਉਣਗੇ, ਆਪਣੇ ਪਰਿਵਾਰ ਤੇ ਰਿਸ਼ਤੇਦਾਰ ਸਬੰਧੀਆਂ ਨਾਲ ਮੋਹ ਨਹੀਂ ਰੱਖਣਗੇ, ਬੈਂਕ ਬੈਲੇਂਸ ਨਹੀਂ ਰੱਖਣਗੇ ਆਦਿ। ਉਨ੍ਹਾਂ ਨੇ ਦਲਿਤ ਸਮਾਜ ਵਿਚ ਆਪਣੇ ਬਲ-ਬੂਤੇ ਤੇ ਰਾਜਨੀਤਕ ਸ਼ਕਤੀ ਹਾਸਲ ਕਰਨ ਤੇ ਉਸ ਨੂੰ ਸਹੀ ਢੰਗ ਨਾਲ ਵਰਤੋਂ ਕਰਨ ਦੀ ਚੇਤਨਾ ਪੈਦਾ ਕੀਤੀ।

# ਅਣਗੌਲਿਆ ਸਿੱਖ ਵਿਦਵਾਨ ਪ੍ਰੋਫੈਸਰ ਗਿਆਨੀ ਦਿੱਤ ਸਿੰਘ

**ਲੇਖਕ - ਸੀ.ਐਲ. ਚੁੰਬਰ**



21 ਅਪ੍ਰੈਲ 1850 ਨੂੰ ਮੌਜੂਦਾ ਫਤਿਹਗੜ੍ਹ ਸਾਹਿਬ ਦੇ ਪਿੰਡ ਕਲੌੜ ਦੇ ਸ. ਦੀਵਾਨ ਸਿੰਘ ਦੇ ਘਰ ਮਾਤਾ ਰਾਮ ਕੌਰ ਦੀ ਸੁਲੱਖਣੀ ਕੁੱਖੋਂ ਇਕ ਬਾਲਕ ਨੇ ਜਨਮ ਲਿਆ। ਜਿਸ ਦਾ ਨਾਂ ਮਾਪਿਆਂ ਨੇ ਦਿੱਤ ਰਾਮ ਰੱਖਿਆ ਜੋ ਦਿੱਤਾ ਰਾਮ ਜਾਂ ਰਾਮ ਦਿੱਤ ਨਾਂ ਨਾਲ ਵੀ ਬੁਲਾਇਆ ਜਾਂਦਾ ਸੀ। ਸ. ਦੀਵਾਨ ਸਿੰਘ ਨੇ ਪਿਤਾ ਪੁਰਖੀ ਚਮੜੇ ਰੰਗਣ ਦਾ ਕੰਮ ਛੱਡ ਕੇ ਕੱਪੜੇ ਬੁਣਨ ਦਾ ਕੰਮ ਸ਼ੁਰੂ ਕਰ ਦਿੱਤਾ। ਮਿ: ਐਚ.ਏ. ਰੋਜ ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪ੍ਰਾਵਿੰਸ ਹਿੱਸਾ ਤੀਜਾ ਸਫ਼ਾ 307 ਤੇ ਲਿਖਦੇ ਹਨ ਕਿ ਬਹੁਤ ਸਾਰੇ ਚਮਾਰਾਂ ਨੇ ਚਮੜੇ ਦਾ ਕੰਮ ਛੱਡ ਕੇ ਕੱਪੜੇ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਪਹਿਲਾਂ ਤਾਂ ਪਿਤਾ ਨੇ ਬਾਲਕ ਦਿੱਤ ਰਾਮ ਨੂੰ ਘਰੇ ਪੜ੍ਹਾਇਆ। ਜਦੋਂ ਦਿੱਤ ਰਾਮ 9 ਵਰ੍ਹਿਆਂ ਦਾ ਹੋਇਆ ਤਾਂ ਉਸ ਨੂੰ ਪਿੰਡ ਤਿਊੜ ਤੋਂ ਦੋ ਮੀਲ ਦੀ ਵਿੱਥ 'ਤੇ ਚੜ੍ਹਦੇ ਬੰਨੇ ਸਥਿਤ ਸੰਤ ਗੁਰਬਖ਼ਸ਼ ਸਿੰਘ ਗੁਲਾਬ ਦਾਸੀਏ ਦੇ ਡੇਰੇ ਪੜ੍ਹਨ ਪਾ ਦਿੱਤਾ। ਦਿੱਤ ਰਾਮ ਦੀ ਤੀਖਣ ਬੁੱਧੀ ਸੀ ਜੋ ਉਸ ਨੇ ਧਾਰਮਿਕ ਕਿਤਾਬਾਂ ਪੜ੍ਹਨ ਤੋਂ ਬਾਅਦ ਪਿੰਗਲ, ਵੈਦਿਕ, ਰਾਜਨੀਤੀ ਆਦਿ ਵਿਸ਼ਿਆਂ ਦੇ ਰੰਗਾਂ ਦਾ ਬੜਾ ਡੂੰਘਾ ਅਧਿਐਨ ਕੀਤਾ। ਸ੍ਰੀ ਦਿੱਤ ਰਾਮ ਵੱਲੋਂ ਉਰਦੂ ਫਾਰਸ਼ੀ ਤੇ ਸੰਸਕ੍ਰਿਤ ਪੜ੍ਹਨ ਦਾ ਵੀ ਪਤਾ ਲੱਗਦਾ ਹੈ। ਕਈ ਸਾਲਾਂ ਦੇ ਇਸ ਡੂੰਘੇ ਅਧਿਐਨ ਨੇ ਨੌਜਵਾਨ ਸ੍ਰੀ ਦਿੱਤ ਰਾਮ ਨੂੰ ਬਹੁਤ ਵੱਡਾ ਵਿਦਵਾਨ ਬਣਾ ਦਿੱਤਾ। ਪ੍ਰੋ. ਗੁਰਮਖ ਸਿੰਘ ਜੋ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਓਰੀਐਂਟਲ ਕਾਲਜ ਦੇ ਪੰਜਾਬੀ ਦੇ ਪ੍ਰੋਫੈਸਰ ਸਨ, ਨੇ ਉਨ੍ਹਾਂ ਨੂੰ ਓਰੀਐਂਟਲ ਕਾਲਜ ਵਿਚ ਗਿਆਨੀ ਦੀ ਪੜ੍ਹਾਈ ਕਰਨ ਅਤੇ ਪ੍ਰੀਖਿਆ ਦੇਣ ਲਈ ਪ੍ਰੇਰਿਆ। ਸੰਤ ਜੀ ਨੇ ਪ੍ਰੀਖਿਆ ਪਾਸ ਕਰਕੇ ਇਸੇ ਕਾਲਜ ਵਿਚ ਅਗਲੇ ਸਾਲ 1878 ਈ. ਵਿਚ ਪੰਜਾਬੀ ਦੇ ਪ੍ਰੋਫੈਸਰ ਲੱਗ ਗਏ। ਬਿਨਾਂ ਸ਼ੱਕ ਗਿਆਨੀ ਜੀ ਅਛੂਤਾਂ 'ਚੋਂ ਪਹਿਲੇ ਪ੍ਰੋਫੈਸਰ ਬਣੇ। ਆਪ ਨੇ ਸੁਆਮੀ ਦਇਆਨੰਦ ਨੂੰ ਤਿੰਨ ਬਹਿਸਾਂ 'ਜਗਤ ਕਰਤਾ ਕੌਣ', 'ਵੇਦ ਈਸ਼ਵਰੀ ਨਹੀਂ' ਅਤੇ 'ਮੁਕਤੀ' ਵਿਸ਼ਿਆਂ 'ਤੇ ਹਰਾ ਕੇ ਲਾਹੌਰ ਵਿਚ ਤਰਥੱਲ ਮਚਾ ਦਿੱਤੀ।

**'ਦੇਸ਼ ਦੁਆਬਾ' ਕੈਲੇਫੋਰਨੀਆ ਅਖ਼ਬਾਰ ਦੇ ਅੰਕ ਅਪ੍ਰੈਲ 29, 2020 ਵਿਚ ਛਪੇ ਲੇਖ ਦਾ ਕੁਝ ਹਿੱਸਾ ਧੰਨਵਾਦ ਸਹਿਤ ਪ੍ਰਕਾਸ਼ਿਤ ਕੀਤਾ।**

# ਮੂਲ ਨਾਨਕਸ਼ਾਹੀ ਕੈਲੰਡਰ
## ਸੰਮਤ ੫੫੬ (2024-25)

| | ਮਾਰਚ-24 | ਚੇਤ | ਅਪ੍ਰੈਲ-24 | | |
|---|---|---|---|---|---|
| ਐਤ SUN | ☬ | ੪ | ੧੧ | ੧੮ | ੨੫ |
| ਸੋਮ MON | ☬ | ੫ | ੧੨ | ੧੯ | ੨੬ |
| ਮੰਗਲ TUE | ☬ | ੬ | ੧੩ | ੨੦ | ੨੭ |
| ਬੁਧ WED | ☬ | ੭ | ੧੪ | ੨੧ | ੨੮ |
| ਵੀਰ THU | ੧ | ੮ | ੧੫ | ੨੨ | ੨੯ |
| ਸ਼ੁਕਰ FRI | ੨ | ੯ | ੧੬ | ੨੩ | ੩੦ |
| ਸ਼ਨੀ SAT | ੩ | ੧੦ | ੧੭ | ੨੪ | ੩੧ |

| | ਅਪ੍ਰੈਲ-24 | ਵੈਸਾਖ | ਮਈ-24 | | |
|---|---|---|---|---|---|
| ਐਤ SUN | ੧ | ੮ | ੧੫ | ੨੨ | ੨੯ |
| ਸੋਮ MON | ੨ | ੯ | ੧੬ | ੨੩ | ੩੦ |
| ਮੰਗਲ TUE | ੩ | ੧੦ | ੧੭ | ੨੪ | ੩੧ |
| ਬੁਧ WED | ੪ | ੧੧ | ੧੮ | ੨੫ | ☬ |
| ਵੀਰ THU | ੫ | ੧੨ | ੧੯ | ੨੬ | ☬ |
| ਸ਼ੁਕਰ FRI | ੬ | ੧੩ | ੨੦ | ੨੭ | ☬ |
| ਸ਼ਨੀ SAT | ੭ | ੧੪ | ੨੧ | ੨੮ | ☬ |

| | ਮਈ-24 | ਜੇਠ | ਜੂਨ-24 | | |
|---|---|---|---|---|---|
| ਐਤ SUN | ☬ | ੫ | ੧੨ | ੧੯ | ੨੬ |
| ਸੋਮ MON | ☬ | ੬ | ੧੩ | ੨੦ | ੨੭ |
| ਮੰਗਲ TUE | ☬ | ੭ | ੧੪ | ੨੧ | ੨੮ |
| ਬੁਧ WED | ੧ | ੮ | ੧੫ | ੨੨ | ੨੯ |
| ਵੀਰ THU | ੨ | ੯ | ੧੬ | ੨੩ | ੩੦ |
| ਸ਼ੁਕਰ FRI | ੩ | ੧੦ | ੧੭ | ੨੪ | ੩੧ |
| ਸ਼ਨੀ SAT | ੪ | ੧੧ | ੧੮ | ੨੫ | ☬ |

| | ਜੂਨ-24 | ਹਾੜ | ਜੁਲਾਈ-24 | | |
|---|---|---|---|---|---|
| ਐਤ SUN | ੩੦ | ੨ | ੯ | ੧੬ | ੨੩ |
| ਸੋਮ MON | ੩੧ | ੩ | ੧੦ | ੧੭ | ੨੪ |
| ਮੰਗਲ TUE | ☬ | ੪ | ੧੧ | ੧੮ | ੨੫ |
| ਬੁਧ WED | ☬ | ੫ | ੧੨ | ੧੯ | ੨੬ |
| ਵੀਰ THU | ☬ | ੬ | ੧੩ | ੨੦ | ੨੭ |
| ਸ਼ੁਕਰ FRI | ☬ | ੭ | ੧੪ | ੨੧ | ੨੮ |
| ਸ਼ਨੀ SAT | ੧ | ੮ | ੧੫ | ੨੨ | ੨੯ |

| | ਜੁਲਾਈ-24 | ਸਾਵਣ | ਅਗਸਤ-24 | | |
|---|---|---|---|---|---|
| ਐਤ SUN | ☬ | ੬ | ੧੩ | ੨੦ | ੨੭ |
| ਸੋਮ MON | ☬ | ੭ | ੧੪ | ੨੧ | ੨੮ |
| ਮੰਗਲ TUE | ੧ | ੮ | ੧੫ | ੨੨ | ੨੯ |
| ਬੁਧ WED | ੨ | ੯ | ੧੬ | ੨੩ | ੩੦ |
| ਵੀਰ THU | ੩ | ੧੦ | ੧੭ | ੨੪ | ੩੧ |
| ਸ਼ੁਕਰ FRI | ੪ | ੧੧ | ੧੮ | ੨੫ | ☬ |
| ਸ਼ਨੀ SAT | ੫ | ੧੨ | ੧੯ | ੨੬ | ☬ |

| | ਅਗਸਤ-24 | ਭਾਦਰੋਂ | ਸਤੰਬਰ-24 | | |
|---|---|---|---|---|---|
| ਐਤ SUN | ☬ | ੩ | ੧੦ | ੧੭ | ੨੪ |
| ਸੋਮ MON | ☬ | ੪ | ੧੧ | ੧੮ | ੨੫ |
| ਮੰਗਲ TUE | ☬ | ੫ | ੧੨ | ੧੯ | ੨੬ |
| ਬੁਧ WED | ☬ | ੬ | ੧੩ | ੨੦ | ੨੭ |
| ਵੀਰ THU | ☬ | ੭ | ੧੪ | ੨੧ | ੨੮ |
| ਸ਼ੁਕਰ FRI | ੧ | ੮ | ੧੫ | ੨੨ | ੨੯ |
| ਸ਼ਨੀ SAT | ੨ | ੯ | ੧੬ | ੨੩ | ੩੦ |

| | ਸਤੰਬਰ-24 | ਅੱਸੂ | ਅਕਤੂਬਰ-24 | | |
|---|---|---|---|---|---|
| ਐਤ SUN | ੧ | ੮ | ੧੫ | ੨੨ | ੨੯ |
| ਸੋਮ MON | ੨ | ੯ | ੧੬ | ੨੩ | ੩੦ |
| ਮੰਗਲ TUE | ੩ | ੧੦ | ੧੭ | ੨੪ | ☬ |
| ਬੁਧ WED | ੪ | ੧੧ | ੧੮ | ੨੫ | ☬ |
| ਵੀਰ THU | ੫ | ੧੨ | ੧੯ | ੨੬ | ☬ |
| ਸ਼ੁਕਰ FRI | ੬ | ੧੩ | ੨੦ | ੨੭ | ☬ |
| ਸ਼ਨੀ SAT | ੭ | ੧੪ | ੨੧ | ੨੮ | ☬ |

| | ਅਕਤੂਬਰ-24 | ਕੱਤਕ | ਨਵੰਬਰ-24 | | |
|---|---|---|---|---|---|
| ਐਤ SUN | ☬ | ੬ | ੧੩ | ੨੦ | ੨੭ |
| ਸੋਮ MON | ☬ | ੭ | ੧੪ | ੨੧ | ੨੮ |
| ਮੰਗਲ TUE | ੧ | ੮ | ੧੫ | ੨੨ | ੨੯ |
| ਬੁਧ WED | ੨ | ੯ | ੧੬ | ੨੩ | ੩੦ |
| ਵੀਰ THU | ੩ | ੧੦ | ੧੭ | ੨੪ | ☬ |
| ਸ਼ੁਕਰ FRI | ੪ | ੧੧ | ੧੮ | ੨੫ | ☬ |
| ਸ਼ਨੀ SAT | ੫ | ੧੨ | ੧੯ | ੨੬ | ☬ |

| | ਨਵੰਬਰ-24 | ਮੱਘਰ | ਦਸੰਬਰ-24 | | |
|---|---|---|---|---|---|
| ਐਤ SUN | ☬ | ੪ | ੧੧ | ੧੮ | ੨੫ |
| ਸੋਮ MON | ☬ | ੫ | ੧੨ | ੧੯ | ੨੬ |
| ਮੰਗਲ TUE | ☬ | ੬ | ੧੩ | ੨੦ | ੨੭ |
| ਬੁਧ WED | ☬ | ੭ | ੧੪ | ੨੧ | ੨੮ |
| ਵੀਰ THU | ੧ | ੮ | ੧੫ | ੨੨ | ੨੯ |
| ਸ਼ੁਕਰ FRI | ੨ | ੯ | ੧੬ | ੨੩ | ੩੦ |
| ਸ਼ਨੀ SAT | ੩ | ੧੦ | ੧੭ | ੨੪ | ☬ |

| | ਦਸੰਬਰ-24 | ਪੋਹ | ਜਨਵਰੀ-25 | | |
|---|---|---|---|---|---|
| ਐਤ SUN | ੩੦ | ੨ | ੯ | ੧੬ | ੨੩ |
| ਸੋਮ MON | ☬ | ੩ | ੧੦ | ੧੭ | ੨੪ |
| ਮੰਗਲ TUE | ☬ | ੪ | ੧੧ | ੧੮ | ੨੫ |
| ਬੁਧ WED | ☬ | ੫ | ੧੨ | ੧੯ | ੨੬ |
| ਵੀਰ THU | ☬ | ੬ | ੧੩ | ੨੦ | ੨੭ |
| ਸ਼ੁਕਰ FRI | ☬ | ੭ | ੧੪ | ੨੧ | ੨੮ |
| ਸ਼ਨੀ SAT | ੧ | ੮ | ੧੫ | ੨੨ | ੨੯ |

| | ਜਨਵਰੀ-25 | ਮਾਘ | ਫ਼ਰਵਰੀ-25 | | |
|---|---|---|---|---|---|
| ਐਤ SUN | ☬ | ੭ | ੧੪ | ੨੧ | ੨੮ |
| ਸੋਮ MON | ੧ | ੮ | ੧੫ | ੨੨ | ੨੯ |
| ਮੰਗਲ TUE | ੨ | ੯ | ੧੬ | ੨੩ | ੩੦ |
| ਬੁਧ WED | ੩ | ੧੦ | ੧੭ | ੨੪ | ☬ |
| ਵੀਰ THU | ੪ | ੧੧ | ੧੮ | ੨੫ | ☬ |
| ਸ਼ੁਕਰ FRI | ੫ | ੧੨ | ੧੯ | ੨੬ | ☬ |
| ਸ਼ਨੀ SAT | ੬ | ੧੩ | ੨੦ | ੨੭ | ☬ |

| | ਫ਼ਰਵਰੀ-25 | ਫੱਗਣ | ਮਾਰਚ-25 | | |
|---|---|---|---|---|---|
| ਐਤ SUN | ☬ | ੫ | ੧੨ | ੧੯ | ੨੬ |
| ਸੋਮ MON | ☬ | ੬ | ੧੩ | ੨੦ | ੨੭ |
| ਮੰਗਲ TUE | ☬ | ੭ | ੧੪ | ੨੧ | ੨੮ |
| ਬੁਧ WED | ੧ | ੮ | ੧੫ | ੨੨ | ੨੯ |
| ਵੀਰ THU | ੨ | ੯ | ੧੬ | ੨੩ | ੩੦ |
| ਸ਼ੁਕਰ FRI | ੩ | ੧੦ | ੧੭ | ੨੪ | ☬ |
| ਸ਼ਨੀ SAT | ੪ | ੧੧ | ੧੮ | ੨੫ | ☬ |

**ਧੰਨਵਾਦ ਸਹਿਤ - ਗੁਰਮਤਿ ਸੇਵਾ ਲਹਿਰ ਭਾਈ ਬਖਤੌਰ (ਬਠਿੰਡਾ)**

## ਗਜ਼ਟਿਡ ਛੁੱਟੀਆਂ ਅਤੇ ਪ੍ਰਮੁੱਖ ਦਿਹਾੜੇ (2024-25)

## 1 ਚੇਤ ਤੋਂ 30 ਫੱਗਣ, 14 ਮਾਰਚ 2024 ਤੋਂ 13 ਮਾਰਚ 2025

**ਚੇਤ - ਮਾਰਚ/ਅਪ੍ਰੈਲ - 2024**

| | |
|---|---|
| (1934) ਬਾਬੂ ਕਾਂਸ਼ੀ ਰਾਮ ਜਨਮ ਦਿਵਸ | 15 |
| ਬਰਸੀ ਸੰਤ ਸੀਤਲ ਦਾਸ ਜੀ ਡੇਰਾ ਬੋਹਣ (ਹੁਸ਼ਿਆਰਪੁਰ) | 16 |
| ਸ਼ਹੀਦੀ ਸਮਾਗਮ ਬਾਬਾ ਜੈ ਸਿੰਘ ਖਲਕੱਟ ਪਿੰਡ ਬਾਰਨ ਪਟਿਆਲਾ | 17-19 |
| (1931) ਸ਼ਹੀਦੀ ਦਿਵਸ ਸ. ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਜੀ (ਸਰਕਾਰੀ ਛੁੱਟੀ) | 23 |
| ਹੋਲੀ (ਸਰਕਾਰੀ ਛੁੱਟੀ) | 25 |
| ਗੁੱਡ ਫਰਾਈਡੇ (ਸਰਕਾਰੀ ਛੁੱਟੀ) | 29 |
| ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਮੇਲਾ ਧੁਲੰਡੀ | 26 |
| ਸੰਤ ਤੁਕਾ ਰਾਮ ਜਯੰਤੀ | 27 |
| ਬੈਂਕ ਹਾਲੀ ਡੇ | 1 |
| ਜਨਮ ਦਿਵਸ ਸਮਾਗਮ ਬੇਬੇ ਨਾਨਕੀ ਜੀ ਗੁਰਦੁਆਰਾ ਸੁਲਤਾਨਪੁਰ ਲੋਧੀ | 2-4 |
| (1858) ਝਲਕਾਰੀ ਬਾਈ ਬਲੀਦਾਨ ਦਿਵਸ | 4 |
| ਜਨਮ ਦਿਵਸ ਗੁਰੂ ਨਾਭਾ ਦਾਸ ਜੀ (ਸਰਕਾਰੀ ਛੁੱਟੀ) | 08 |
| ਈਦ ਉਲ ਫ਼ਿਤਰ (ਸਰਕਾਰੀ ਛੁੱਟੀ) | 11 |
| (1827) ਜਨਮ ਦਿਨ ਜਿਓਤੀਬਾ ਰਾਓ ਫੂਲੇ | 11 |
| ਤਿੰਨ ਦਿਨਾ ਸਾਲਾਨਾ ਮੁੱਖ ਸਮਾਗਮ ਗੁਰੂ ਰਵਿਦਾਸ ਇਤਿਹਾਸਿਕ ਅਸਥਾਨ ਸ੍ਰੀ ਖੁਰਾਲਗੜ੍ਹ ਅਤੇ ਸ੍ਰੀ ਅੰਮ੍ਰਿਤ ਕੁੰਡ ਚਰਨਛੋਹ ਗੰਗਾ ਸ੍ਰੀ ਖੁਰਾਲਗੜ੍ਹ | 12,13,14 |
| ਵਿਸਾਖੀ ਪੁਰਬ (ਸਰਕਾਰੀ ਛੁੱਟੀ) | 13 |

**ਵੈਸਾਖ - ਅਪ੍ਰੈਲ/ਮਈ - 2024**

| | |
|---|---|
| ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਜਨਮ ਦਿਵਸ (ਸਰਕਾਰੀ ਛੁੱਟੀ) | 14 |
| ਰਾਮ ਨੌਮੀ (ਸਰਕਾਰੀ ਛੁੱਟੀ) | 17 |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਧੰਨਾ ਜੀ ਧੂੰਆਂ ਕਲਾਂ | 20 |
| ਭਗਵਾਨ ਮਹਾਂਵੀਰ ਜਯੰਤੀ (ਸਰਕਾਰੀ ਛੁੱਟੀ) | 21 |
| (1980) ਬਾਬੂ ਮੰਗੂਰਾਮ ਮੁਘੋਵਾਲ ਜੀ ਦਾ ਅਕਾਲ ਚਲਾਣਾ | 22 |
| ਮਜਦੂਰ ਦਿਵਸ (ਸਰਕਾਰੀ ਛੁੱਟੀ) | 1 |
| ਮਹਾਤਮਾਂ ਬੁੱਧ ਪੂਰਨਮਾ ਦਿਵਸ | 23 |
| (1922) ਸ਼ਾਹੂ ਜੀ ਮਹਾਰਾਜ ਦੇਹਾਂਤ | 06 |
| (1879) ਜਨਮ ਦਿਨ ਸਵਾਮੀ ਅਛੂਤਾ ਨੰਦ ਜੀ | 6 |
| ਭਗਵਾਨ ਪਰਸ਼ੂਰਾਮ ਜਯੰਤੀ (ਸਰਕਾਰੀ ਛੁੱਟੀ) | 10 |

**ਜੇਠ - ਮਈ/ਜੂਨ - 2024**

| | |
|---|---|
| ਸਲਾਨਾ ਜੋੜਮੇਲਾ ਪਿੰਡ ਸੂਸਾਂ (ਹੁਸ਼ਿਆਰਪੁਰ) | 14 |
| (2009) ਸ਼ਹੀਦੀ ਦਿਵਸ ਸੰਤ ਰਾਮਾ ਨੰਦ ਜੀ ਡੇਰਾ ਸੱਚਖੰਡ ਬੱਲਾਂ (ਜਲੰਧਰ) | 25 |
| ਬਰਸੀ ਸੰਤ ਖੁਸ਼ੀ ਰਾਮ ਜੀ ਭਰੋਮਾਜਰਾ (ਸ਼ਹੀਦ ਭਗਤ ਸਿੰਘ ਨਗਰ) | 23,24 |
| ਸ੍ਰੀ ਹੇਮਕੁੰਟ ਸਾਹਿਬ ਯਾਤਰਾ ਸ਼ੁਰੂ (ਉਤਰਾਖੰਡ) | 25 |
| ਬਰਸੀ ਸੰਤ ਬ੍ਰਹਮ ਨਾਥ ਜੀ ਚਿਹੇੜੂ ਕਪੂਰਥਲਾ | 26 |
| (1936) ਮਾਤਾ ਰਮਾਬਾਈ ਅੰਬੇਡਕਰ ਪ੍ਰੀ-ਨਿਰਵਾਣ ਦਿਵਸ | 27 |
| ਜੋਧਾ ਝਲਕਾਰੀ ਬਾਈ ਸ਼ਹੀਦੀ ਦਿਵਸ | 4 |
| ਪ੍ਰਕਾਸ਼ ਪੁਰਬ ਸ੍ਰੀ ਗੁਰੂ ਹਰਿਗੋਬਿੰਦ ਜੀ | 5 |
| ਡਾ. ਅੰਬੇਡਕਰ ਜੀ ਨੂੰ ਪੀਐਚਡੀ ਦੀ ਉਪਾਧੀ | 8 |
| ਭੰਡਾਰਾ ਸੰਤ ਫੂਲਨਾਥ ਜੀ ਚਿਹੇੜੂ ਕਪੂਰਥਲਾ | 9 |
| (1900) ਜਨਨਾਇਕ ਬਿਰਸਾ ਮੁੰਡਾ ਸ਼ਹਾਦਤ | 9 |
| ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ (ਸਰਕਾਰੀ ਛੁੱਟੀ) | 10 |
| ਸੰਤ ਸਰਵਣ ਦਾਸ ਜੀ ਸੱਚਖੰਡ ਬੱਲਾਂ (ਬਰਸੀ) | 11 |
| ਸਲਾਨਾ ਮੁੱਖ ਸਮਾਗਮ ਗੁਰੂ ਰਵਿਦਾਸ ਚਰਨ ਛੋਹ ਇਤਿਹਾਸਕ ਅਸਥਾਨ ਚੱਕ ਹਕੀਮ ਫਗਵਾੜਾ | 14 |
| ਸਲਾਨਾ ਜੋੜ-ਮੇਲਾ ਬਾਬੇ ਜੌੜੇ ਰਾਏਪੁਰ-ਰਸੂਲਪੁਰ (ਜਲੰਧਰ) | 14 |
| ਸ੍ਰੀ ਗੁਰੂ ਰਵਿਦਾਸ ਜੋਤੀ-ਜੋਤ ਪੁਰਬ | 14 |

**ਹਾੜ - ਜੂਨ/ਜੁਲਾਈ - 2024**

| | |
|---|---|
| (1914) ਅਯੋਤੀ ਦਾਸ ਪ੍ਰੀ-ਨਿਰਵਾਣ ਦਿਵਸ | 15 |
| ਈਦ ਉਲ ਜਹਾ (ਬਕਰੀਦ) (ਸਰਕਾਰੀ ਛੁੱਟੀ) | 17 |
| ਬਰਸੀ ਸੰਤ ਹਰੀ ਦਾਸ ਜੀ ਪਿੰਡ ਬੋਪਾਰਾਏ ਕਲਾਂ | 18 |
| 626 ਵਾਂ ਪ੍ਰਕਾਸ਼ ਪੁਰਬ ਸਤਿਗੁਰੂ ਕਬੀਰ ਜੀ (ਸਰਕਾਰੀ ਛੁੱਟੀ) | 22 |
| ਪ੍ਰਕਾਸ਼ ਪੁਰਬ (ਸ੍ਰੀ ਗੁਰੂ ਹਰਿਗੋਬਿੰਦ ਜੀ) | 22 |

ਸ਼ਹੀਦੀ ਦਿਨ ਬਾਬਾ ਬੰਦਾ ਸਿੰਘ ਬਹਾਦਰ 25
(1874) ਛਤਰਪਤੀ ਛਾਹੂ ਜੀ ਮਹਾਰਾਜ ਜਯੰਤੀ 26
ਬਰਸੀ ਮਹਾਰਾਜਾ ਰਣਜੀਤ ਸਿੰਘ ਜੀ 29
(1855) ਹੂਲ ਦਿਵਸ ਆਦਿ ਵਾਸੀ ਕ੍ਰਾਂਤੀ 30
ਸ਼ਹੀਦੀ ਦਿਵਸ ਭਾਈ ਮਨੀ ਸਿੰਘ ਜੀ (ਪਟਿਆਲਾ) 8
ਸ਼ਹੀਦੀ ਦਿਵਸ ਭਾਈ ਤਾਰੂ ਸਿੰਘ ਜੀ 16

**ਸਾਵਣ - ਜੁਲਾਈ/ਅਗਸਤ - 2024**

(1933) ਸ਼੍ਰੀ ਅਛੂਤਾ ਨੰਦ ਪ੍ਰੀ-ਨਿਰਵਾਣ 22
ਬਰਸੀ ਸੰਤ ਗਰੀਬ ਦਾਸ ਜੀ ਬੱਲਾਂ (ਜਲੰਧਰ) 23
(2001) ਯੋਧਾ ਫੂਲਨ ਦੇਵੀ ਬਲੀਦਾਨ ਦਿਵਸ 25
(1940) ਸ਼ਹੀਦੀ ਦਿਨ ਸ. ਊਧਮ ਸਿੰਘ ਜੀ 31
ਸਫਾਈ ਕਰਮਚਾਰੀ ਦਿਵਸ 31
ਸਰਬੱਤ ਦੇ ਭਲੇ ਦਾ ਸੰਤ-ਸੰਮੇਲਨ ਡੇਰਾ ਸੰਤ ਪਾਖਰ ਸਿੰਘ ਜੀ ਡੀਂਗਰੀਆਂ (ਜਲੰਧਰ) 8
ਅੰਤਰਰਾਸ਼ਟਰੀ ਮੂਲ ਨਿਵਾਸੀ ਦਿਵਸ 9
(1963) ਯੋਧਾ ਫੂਲਨ ਦੇਵੀ ਜੀ ਜਨਮ ਦਿਨ 10
ਭਾਰਤ ਸੁਤੰਤਰਤਾ ਦਿਵਸ (ਸਰਕਾਰੀ ਛੁੱਟੀ) 15

**ਭਾਦੋਂ - ਅਗਸਤ/ਸਤੰਬਰ - 2024**

ਗੁਰੂ ਰਵਿਦਾਸ ਸਰੋਵਰ ਸਥਾਪਨਾ ਅਤੇ ਬਰਸੀ ਸੰਤ ਬਾਬਾ ਹੰਸ ਰਾਜ ਜੀ ਡੇਰਾ ਪੰਡਵਾਂ ਫਗਵਾੜਾ 18
ਰੱਖੜੀ, ਮੇਲਾ ਰੱਖੜ ਪੁੰਨਿਆ ਬਕਾਲਾ 19
(1923) ਰਾਮ ਸਵਰੂਪ ਵਰਮਾ ਜਯੰਤੀ 22
ਜਨਮ ਦਿਨ ਬੀ.ਪੀ. ਮੰਡਲ 25
(1856) ਸ਼੍ਰੀ ਨਰਾਇਣਾ ਗੁਰੂ ਜਨਮ ਦਿਨ 26
ਜਨਮ ਅਸ਼ਟਮੀ (ਸਰਕਾਰੀ ਛੁੱਟੀ) 26
ਸ਼ਲਾਨਾ ਸਮਾਗਮ ਸੰਤ ਮੇਲਾ ਰਾਮ ਜੀ ਭਰੋਮਾਜਰਾ (ਸ਼ਹੀਦ ਭਗਤ ਸਿੰਘ ਨਗਰ) 27.28
(1863) ਅਯੰਤਕਾਲੀ ਜਯੰਤੀ 28
ਸ਼੍ਰੀ ਦੀਨਾ ਭਾਨਾ ਪ੍ਰੀ-ਨਿਰਵਾਣ 29
(1911) ਲਲਈ ਸਿੰਘ ਯਾਦਵ ਜਯੰਤੀ 02
ਜੋੜ ਮੇਲਾ ਗੁਰਦੁਆਰਾ ਕੰਧ ਸਾਹਿਬ ਬਟਾਲਾ 03
ਬਰਸੀ ਸੰਤ ਪਿੱਪਲ ਦਾਸ ਜੀ ਡੇਰਾ ਬੱਲਾਂ 03
(1994) ਸੰਤ ਰਵਿਦਾਸ ਨਗਰ ਤੇ ਸੰਤ ਕਬੀਰ ਨਗਰ ਜ਼ਿਲ੍ਹਿਆਂ (ਉੱਤਰ ਪ੍ਰਦੇਸ਼) ਦੀ ਸਥਾਪਨਾ ਦਿਵਸ 05
(1661) ਜਨਮ ਦਿਹਾੜਾ ਬਾਬਾ ਜੀਵਨ ਸਿੰਘ ਜੀ 05
ਬਰਸੀ ਸੰਤ ਮੰਗਲਦਾਸ ਜੀ ਉੱਚਾ ਜਲੰਧਰ 8
ਬਾਬੇ ਦਾ ਵਿਆਹ ਬਟਾਲਾ 10

**ਅੱਸੂ - ਸਤੰਬਰ/ਅਕਤੂਬਰ - 2024**

ਸ਼੍ਰੀ ਪੈਰੀਅਰ ਜਨਮ ਦਿਨ 18
(1928) ਸ਼੍ਰੀ ਨਰਾਇਣਾ ਗੁਰੂ ਪ੍ਰੀ-ਨਿਰਵਾਣ 21
ਬਰਸੀ ਬਾਬਾ ਜਵਾਹਰ ਦਾਸ ਜੀ ਪਿੰਡ ਸੂਸਾਂ (ਹੁਸ਼ਿਆਰਪੁਰ) 27
ਜਨਮ ਦਿਨ ਸ਼ਹੀਦ ਭਗਤ ਸਿੰਘ ਜੀ 28
ਬੈਂਕ ਹਾਲੀਡੇ 30
ਜਨਮ ਦਿਨ ਮਹਾਤਮਾ ਗਾਂਧੀ ਜੀ (ਸਰਕਾਰੀ ਛੁੱਟੀ) 02
ਮਹਾਰਾਜ ਅਗਰਸੈਨ ਜਯੰਤੀ (ਸਰਕਾਰੀ ਛੁੱਟੀ) 03
(1968) ਸ਼੍ਰੀ ਜੁਗਿੰਦਰਨਾਥ ਮੰਡਲ ਪ੍ਰੀ-ਨਿਰਵਾਣ 05
(2006) ਬਾਬੂ ਕਾਂਸ਼ੀ ਰਾਮ ਪ੍ਰੀ-ਨਿਰਵਾਣ 09
ਦਾਦਾ ਸਾਹਿਬ ਗਾਇਕਵਾੜ ਜਯੰਤੀ 15
ਦੁਸਿਹਰਾ, ਅਸ਼ੋਕਾ ਵਿਜੈ ਦਸਵੀਂ (ਸਰਕਾਰੀ ਛੁੱਟੀ) 24

**ਕੱਤਕ - ਅਕਤੂਬਰ/ਨਵੰਬਰ - 2024**

ਭਗਵਾਨ ਮਹਾਂਰਿਸ਼ੀ ਵਾਲਮੀਕਿ ਪ੍ਰਗਟ ਦਿਵਸ (ਸਰਕਾਰੀ ਛੁੱਟੀ) 17
ਪ੍ਰਕਾਸ਼ ਪੁਰਬ ਸ੍ਰੀ ਗੁਰੂ ਰਾਮ ਦਾਸ ਜੀ 19
(2019) ਵੈਬਸਾਈਟ ਬੇਗਮਪੁਰਾ ਮਿਸ਼ਨ ਡਾਟ ਕਾਮ ਦੀ ਆਰੰਭਤਾ 26
ਜਨਮ ਦਿਵਸ ਬਾਬਾ ਬੰਦਾ ਸਿੰਘ ਜੀ ਬਹਾਦਰ 27
ਦੀਵਾਲੀ (ਸਰਕਾਰ ਦੇ ਪੱਤਰ ਅਨੁਸਾਰ) (ਸਰਕਾਰੀ ਛੁੱਟੀ) 31
ਵਿਸ਼ਵਕਰਮਾ ਦਿਵਸ (ਸਰਕਾਰੀ ਪੱਤਰ ਅਨੁਸਾਰ) (ਸਰਕਾਰੀ ਛੁੱਟੀ) 01
ਦੀਵਾਲੀ, ਬੰਦੀ ਛੋੜ ਦਿਵਸ (ਜੰਤਰੀ ਅਨੁਸਾਰ) 01
ਵਿਸ਼ਵਕਰਮਾ ਦਿਵਸ (ਜੰਤਰੀ ਅਨੁਸਾਰ) 02
ਜਨਮ ਦਿਵਸ ਸੰਤ ਮੰਗਲ ਦਾਸ ਜੀ ਉੱਚਾ ਪਿੰਡ ਜਲੰਧਰ 10
ਪ੍ਰਕਾਸ਼ ਪੁਰਬ ਸਤਿਗੁਰੂ ਨਾਮਦੇਵ ਜੀ 12
ਸਲਾਨਾ ਮੁੱਖ ਸਮਾਗਮ ਸਤਿਗੁਰੂ ਨਾਮਦੇਵ ਚਰਨ ਛੋਹ ਘੁਮਾਣ, ਜ਼ਿਲ੍ਹਾ ਗੁਰਦਾਸਪੁਰ 12
ਜਨਮ ਦਿਨ ਮਹਾਰਾਜਾ ਰਣਜੀਤ ਸਿੰਘ 13
(1857) ਸ਼੍ਰੀ ਬਿਰਸਾ ਮੁੰਡਾ ਜਯੰਤੀ 15

**ਮੱਘਰ - ਨਵੰਬਰ/ਦਸੰਬਰ - 2024**

| | |
|---|---|
| ਸ਼ਹੀਦੀ ਦਿਨ ਸ. ਕਰਤਾਰ ਸਿੰਘ ਸਰਾਭਾ (ਸਰਕਾਰੀ ਛੁੱਟੀ) | 16 |
| (1469) ਪ੍ਰਕਾਸ਼ ਪੁਰਬ ਗੁਰੂ ਨਾਨਕ ਦੇਵ ਜੀ (ਸਰਕਾਰੀ ਛੁੱਟੀ) | 15 |
| (1949) ਭਾਰਤੀ ਸੰਵਿਧਾਨ ਦਿਵਸ | 26 |
| (1890) ਜੋਤੀਬਾ ਰਾਓ ਫੂਲੇ ਪ੍ਰੀ-ਨਿਰਵਾਣ | 28 |
| (1825) ਸ਼੍ਰੀ ਮਾਤਾਦੀਨ ਭੰਗੀ ਜਯੰਤੀ29 | |
| (1889) ਈ. ਤਾਤਿਆ ਭੀਲ ਸ਼ਹਾਦਤ | 04 |
| (1956) ਡਾ. ਅੰਬੇਡਕਰ ਪ੍ਰੀ-ਨਿਰਵਾਣ ਦਿਵਸ | 6 |
| ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦੀ ਦਿਵਸ (ਸਰਕਾਰੀ ਛੁੱਟੀ) | 06 |

**ਪੋਹ - ਦਸੰਬਰ/ਜਨਵਰੀ - 2024-25**

| | |
|---|---|
| ਪ੍ਰਕਾਸ਼ ਪੁਰਬ ਸਤਿਗੁਰੂ ਸੈਣ ਜੀ ਪਿੰਡ ਸੋਹਲ ਝਬਾਲ | 15 |
| (1756) ਗੁਰੂ ਘਾਸੀ ਦਾਸ ਜਯੰਤੀ | 18 |
| (18765) ਪੀ. ਜੀ. ਸੋਲੰਕੀ ਜਯੰਤੀ | 19 |
| (1956) ਸੰਤਗਾਡਸੇ ਮਹਾਰਾਜ ਪ੍ਰੀ-ਨਿਰਵਾਣ | 20 |
| (1973) ਪੇਰੀਅਰ ਨਏਕਰ ਪ੍ਰੀ-ਨਿਰਵਾਣ | 24 |
| ਕ੍ਰਿਸਮਿਸ ਦਾ ਦਿਹਾੜਾ (ਸਰਕਾਰੀ ਛੁੱਟੀ) | 25 |
| ਸਵਾਮੀ ਜਗਤ ਗਿਰੀ ਨਿਰਵਾਣ ਅਤੇ ਹਰੀ ਮਾਨਵ ਏਕਤਾ ਸੰਤ ਸੰਮੇਲਨ ਪਠਾਨਕੋਟ | 25 |
| ਸ਼ਹੀਦੀ ਸਭਾ ਸ੍ਰੀ ਫਤਿਹਗੜ੍ਹ ਸਾਹਿਬ (ਸਰਕਾਰੀ ਛੁੱਟੀ) | 27 |
| ਸ਼ਹੀਦੀ ਜੋੜ ਮੇਲਾ ਸਰਹਿੰਦ (ਫ.ਸਾ.) | 26-27-28 |
| (1899) ਸ਼ਹੀਦ ਊਧਮ ਸਿੰਘ ਜਯੰਤੀ | 26 |
| (1818) ਭੀਮਾ ਕੋਰੇ ਗਾਂਓ ਵਿਜੈ ਦਿਵਸ ਪੂਨੇ | 1 |
| ਸਵਿੱਤਰੀ ਬਾਈ ਫੂਲੇ ਜਨਮ ਦਿਨ | 3 |
| (1831) ਫਾਤਿਮਾ ਸ਼ੇਖ ਜਯੰਤੀ | 09 |
| (1518) ਜੀਜਾ ਬਾਈ ਜਯੰਤੀ | 12 |
| (1785) ਸ਼ਹਾਦਤ ਬਾਬਾ ਤਿਲਕਾ ਰਾਮ ਮਾਂਝੀ | 13 |

**ਮਾਘ - ਜਨਵਰੀ/ਫਰਵਰੀ - 2024-25**

| | |
|---|---|
| ਮੇਲਾ ਮਾਘੀ ਮੁਕਤਸਰ ਸਾਹਿਬ | 14 |
| ਮੇਲਾ ਮਾਘੀ ਡੇਰਾ ਸੱਚਖੰਡ ਬੱਲਾਂ (ਜਲੰਧਰ) | 14 |
| (1886) ਬਾਬੂ ਮੰਗੂ ਰਾਮ ਮੁੱਗੋਵਾਲੀਆ ਜਯੰਤੀ | 14 |
| (1956) ਜਨਮ ਦਿਨ ਭੈਣ ਮਾਇਆਵਤੀ ਜੀ | 15 |
| ਗਣਤੰਤਰਤ ਦਿਵਸ (ਸਰਕਾਰੀ ਛੁੱਟੀ) | 26 |
| (1904) ਜਨਮ ਦਿਨ ਸ਼੍ਰੀ ਜੋਗਿੰਦਰ ਨਾਥ ਮੰਡਲ | 29 |
| ਬਰਸੀ ਸੰਤ ਪ੍ਰੇਮ ਦਾਸ ਜੀ ਡੇਰਾ ਬੋਹਣ (ਹੁਸ਼ਿ.) | 31 |
| (1920) ਮੂਕ ਨਾਇਕ ਪ੍ਰੱਤਕਾ ਪ੍ਰਕਾਸ਼ਨ | 31 |
| ਬਰਸੀ ਸੰਤ ਹਰੀ ਦਾਸ ਜੀ ਡੇਰਾ ਢੇਹਪੁਰ ਕੁਪੂਰ | 6 |
| (1898) ਜਨਮ ਦਿਨ ਮਾਤਾ ਰਮਾ ਬਾਈ ਜੀ | 7 |
| (1993) ਲਲਈ ਸਿੰਘ ਯਾਦਵ ਸ਼ਹੀਦੀ ਦਿਵਸ | 8 |
| (1750) ਬਾਬਾ ਤਿਲਕਾ ਰਾਮ ਮਾਂਝੀ ਜਯੰਤੀ | 11 |
| ਬਰਸੀ ਸੰਤ ਪਾਖਰ ਸਿੰਘ ਜੀ ਡੇਰਾ ਸੱਚਖੰਡ ਡੀਂਗਰੀਆ (ਜਲੰਧਰ) | 12 |

**ਫੱਗਣ - ਫਰਵਰੀ/ਮਾਰਚ - 2024-25**

| | |
|---|---|
| (1887) ਸੰਤ ਰਾਮ ਬੀ.ਏ. ਜਨਮ ਦਿਨ | 14 |
| (1876) ਸੰਤ ਗਾਡਸੇ ਜਯੰਤੀ | 23 |
| (1377 ਈ.) ਸ੍ਰੀ ਗੁਰੂ ਰਵਿਦਾਸ ਜੀ ਪ੍ਰਕਾਸ਼ ਦਿਵਸ | 12 |
| ਸ਼੍ਰੀ ਦੀਨਾ ਭਾਨਾ ਜਯੰਤੀ | 28 |
| (1943) ਚਮਾਰ ਰੈਜੀਮੈਂਟ ਦੀ ਸਥਾਪਨਾ | 01 |
| ਬਰਸੀ ਸੰਤ ਸੁਰਿੰਦਰ ਦਾਸ ਜੀ ਡੇਰਾ ਢੇਪੁਰ-ਕੁਪੂਰ ਜ਼ਿਲ੍ਹਾ ਜਲੰਧਰ | 07 |
| (1897) ਸਵਿਤਰੀ ਬਾਈ ਫੂਲੇ ਪ੍ਰੀ-ਨਿਰਵਾਣ | 10 |

## 2024-25 ਈ. ਵਿਚ ਸੰਗਰਾਂਦ, ਪੁੰਨਿਆ, ਮੱਸਿਆ

**ਬਿਕ੍ਰਮੀ ਸੰਮਤ - 2081**

**ਗੁਰੂ ਰਵਿਦਾਸ ਸੰਮਤ - 647**

**ਨਾਨਕਸ਼ਾਹੀ ਸੰਮਤ - 556**

| ਮਹੀਨੇ | ਸੰਗਰਾਂਦ | ਪੁੰਨਿਆ | ਮੱਸਿਆ |
|---|---|---|---|
| ਮਾਰਚ | 14 (ਚੇਤਰ) | 25 | 10 |
| ਅਪ੍ਰੈਲ | 13 (ਵੈਸਾਖ) | 23 | 8 |
| ਮਈ | 14 (ਜੇਠ) | 23 | 8 |
| ਜੂਨ | 14 (ਹਾੜ) | 22 | 6 |
| ਜੁਲਾਈ | 16 (ਸਾਵਣ) | 21 | 5 |
| ਅਗਸਤ | 16 (ਭਾਦੋਂ) | 19 | 4 |
| ਸਤੰਬਰ | 16 (ਅੱਸੂ) | 18 | 2-3 |
| ਅਕਤੂਬਰ | 17 (ਕੱਤਕ) | 17 | 2 |
| ਨਵੰਬਰ | 16 (ਮੱਘਰ) | 15 | 1 |
| ਦਸੰਬਰ | 15 (ਪੋਹ) | 15 | 1,30 |
| ਜਨਵਰੀ (25) | 14 (ਮਾਘ) | 13 | 29 |
| ਫਰਵਰੀ (25) | 12 (ਫੱਗਣ) | 12 | 27 |
| ਮਾਰਚ (25) | 14 (ਚੇਤਰ) | 14 | 29 |

ਜਿਹੜਾ ਧਰਮ ਜਨਮ ਤੋਂ ਹੀ ਇਕ ਨੂੰ ਉੱਤਮ ਅਤੇ ਦੂਜੇ ਨੂੰ ਨੀਚ ਦੱਸਦਾ ਹੈ, ਅਸਲ ਵਿਚ ਉਹ ਧਰਮ ਨਹੀਂ, ਲੋਕਾਂ ਨੂੰ ਗੁਲਾਮ ਬਣਾਈ ਰੱਖਣ ਦੀ ਸਾਜ਼ਿਸ਼ ਹੈ। – ਡਾ. ਅੰਬੇਡਕਰ

ਤੁਹਾਡਾ ਭਲਾ ਤੁਹਾਡੇ ਆਪਣੇ ਹੱਥਾਂ ਵਿਚ ਹੈ, ਰਾਜਨੀਤਕ ਸ਼ਕਤੀ ਜੋ ਤੁਹਾਡੇ ਲਈ ਜੀਵਨ ਦਾਨ ਹੈ ਉਸ ਤੇ ਕਾਬਜ਼ ਹੋਵੋ ਤਾਂ ਹੀ ਤੁਹਾਡੇ ਦੁੱਖਾਂ ਦਾ ਅੰਤ ਹੋ ਸਕਦਾ ਹੈ। – ਡਾ. ਅੰਬੇਡਕਰ

ਕੋਈ ਵੀ ਜਿੱਤ ਆਖਰੀ ਜਿੱਤ ਨਹੀਂ ਹੁੰਦੀ ਅਤੇ ਕੋਈ ਵੀ ਹਾਰ ਆਖਰੀ ਹਾਰ ਨਹੀਂ ਹੁੰਦੀ। ਇਸ ਲਈ ਲਗਾਤਾਰ ਕੋਸ਼ਿਸ਼ ਕਰੋ ਜਦੋਂ ਤੱਕ ਤੁਹਾਡੀ ਜਿੱਤ ਇਤਿਹਾਸਕ ਨਾ ਬਣ ਜਾਵੇ। – ਡਾ. ਅੰਬੇਡਕਰ

ਲੜਾਈ ਸਿਧਾਂਤਾਂ ਅਤੇ ਅਸੂਲਾਂ ਦੇ ਨਾਲ ਹੁੰਦੀ ਹੈ, ਗਾਲ੍ਹਾਂ ਨਾਲ ਨਹੀਂ, ਮੈਂ ਸਿਧਾਂਤਾਂ ਦੀ ਬਲੀ ਕਦੇ ਨਹੀਂ ਦੇਵਾਂਗਾ।

– ਡਾ. ਅੰਬੇਡਕਰ

ਜੋ ਕੌਮਾਂ ਆਪਣਾ ਇਤਿਹਾਸ ਨਹੀਂ ਜਾਣਦੀਆਂ ਉਹ ਕਦੇ ਵੀ ਇਤਿਹਾਸ ਨਹੀਂ ਬਣਾ ਸਕਦੀਆਂ ਅਤੇ ਸਮਾਂ ਪੈਣ ਤੇ ਉਹੀ ਕੌਮਾਂ ਗੁਲਾਮ ਹੋ ਜਾਂਦੀਆਂ ਨੇ। - ਡਾ. ਅੰਬੇਡਕਰ

ਚੰਗੀਆਂ ਚੀਜ਼ਾਂ ਧਰਤੀ ਉੱਪਰ ਸਵਰਗਾਂ ’ਚੋਂ ਨਹੀਂ ਆਉਂਦੀਆਂ, ਉਨ੍ਹਾਂ ਦੀ ਪ੍ਰਾਪਤੀ ਵਾਸਤੇ ਕੀਮਤ ਅਦਾ ਕਰਨੀ ਪੈਂਦੀ ਹੈ, ਜਿਹੜੇ ਕੀਮਤ ਅਦਾ ਕਰਦੇ ਹਨ ਉਹ ਉਨ੍ਹਾਂ ਨੂੰ ਪਾ ਲੈਂਦੇ ਹਨ। – ਡਾ. ਅੰਬੇਡਕਰ

ਮਨੁੱਖ ਨੂੰ ਜੀਊਣ ਵਾਸਤੇ ਕੇਵਲ ਰੋਟੀ ਹੀ ਨਹੀਂ ਚਾਹੀਦੀ ਉਸ ਦੇ ਕੋਲ ਇਕ ਦਿਮਾਗ਼ ਵੀ ਹੈ ਜਿਸ ਨੂੰ ਚੰਗੇ ਵਿਚਾਰਾਂ ਦੇ ਭੋਜਨ ਦੀ ਜ਼ਰੂਰਤ ਹੈ। – ਡਾ. ਅੰਬੇਡਕਰ

ਰੋਟੀ, ਕੱਪੜਾ ਤੇ ਮਕਾਨ ਤੋਂ ਵੀ ਵੱਧ ਜ਼ਰੂਰੀ ਮਾਨ-ਸਨਮਾਨ ਹੈ, ਜਿਹੜਾ ਕਿਸੇ ਬਜ਼ਾਰ ਵਿਚ ਮੁੱਲ ਨਹੀਂ ਖਰੀਦਿਆ ਜਾ ਸਕਦਾ ਉਸ ਨੂੰ ਤਾਂ ਸਿਰਫ਼ ਸੰਘਰਸ਼ ਕਰਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ। - ਡਾ. ਅੰਬੇਡਕਰ

Till the time we won't be successful in politics and not able to have power in our hands, the social and economic transformation is not possible. Political power is the key to success. - Sahib Kanshi Ram Ji

"I was born and brought up amongst those who sacrificed themselves but never betrayed the country..." - Sahib Kanshi Ram Ji

A community that doesn't have representation in the political power, that community is dead. - Sahib Kanshi Ram Ji

"So long as you do not achieve social liberty, whatever freedom is provided by the law is of no avail to you." - Bhimrao Ramji Ambedkar

"I like the religion that teaches liberty, equality and fraternity."
- Bhimrao Ramji Ambedkar

"Constitution is not a mere lawyer's document, it is a vehicle of Life, and its spirit is always the spirit of Age." - Bhimrao Ramji Ambedkar

“In short justice is another name of liberty, equality and fraternity."
- Bhimrao Ramji Ambedkar

"Humans are mortal. So are ideas.An idea needs propagation as much as a plant needs watering. Otherwise both will wither and die." - Bhim Rao Ambedkar